
# ਪੰਜਾਬੀ ਸੱਭਿਆਚਾਰ

ਲੇਖਕ: ਡਾ. ਬਰਿੰਦਰ ਕੌਰ( 12ਅਪ੍ਰੈਲ 1966)

ਪ੍ਰਸ਼ਨ : ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ ?

ਉੱਤਰ :**ਸੱਭਿਆਚਾਰ:** ਸੱਭਿਆਚਾਰ ਦੋ ਸ਼ਬਦਾਂ ਦੇ ਸੁਮੇਲ ਸੱਭਿਆ+ ਆਚਾਰ ਤੋਂ ਮਿਲ ਕੇ ਬਣਿਆ ਹੈ। ਸਭਿਅ ਦਾ ਅਰਥ ਹੈ- ਨਿਯਮਬੱਧਤਾ ਅਤੇ ਆਚਾਰ ਦਾ ਅਰਥ ਹੈ ਆਚਰਨ ਭਾਵ ਉਹ ਚਰਿੱਤਰ ਜੋ ਜੀਵਨ ਵਿਚ ਕਿਸੇ ਨਿਯਮਬੱਧਤਾ ਦਾ ਧਾਰਨੀ ਹੋਵੇ, ਉਸ ਨੂੰ ਸੱਭਿਆਚਾਰ ਕਿਹਾ ਜਾਂਦਾ ਹੈ ।ਵੱਖ- ਵੱਖ ਭਾਸ਼ਾਵਾਂ ਵਿੱਚ ਸੱਭਿਆਚਾਰ ਦੇ ਵੱਖ- ਵੱਖ ਨਾਂ ਹਨ। ਹਿੰਦੀ ਵਿੱਚ ਸੰਸਕ੍ਰਿਤੀ ਤੇ ਅੰਗਰੇਜ਼ੀ ਵਿਚ ਇਸਨੂੰ ਕਲਚਰ ਕਿਹਾ ਜਾਂਦਾ ਹੈ ।ਹਰੇਕ ਭਾਸ਼ਾ ਵਿੱਚ ਸੱਭਿਆਚਾਰ ਲਈ ਭਾਵੇਂ ਵੱਖਰੇ -ਵੱਖਰੇ ਨਾਮ ਵਰਤੇ ਗਏ ਹਨ ਪਰ ਇਨ੍ਹਾਂ ਦਾ ਭਾਵ ਇੱਕ ਹੀ ਹੈ ।

**ਪਰਿਭਾਸ਼ਾ** :ਮਨੁੱਖ ਸਮਾਜ ਵਿੱਚ ਰਹਿੰਦਿਆਂ ਹੋਇਆਂ ਜਿਨ੍ਹਾਂ ਸਮਾਜਿਕ ਲੋੜਾਂ ਅਨੁਸਾਰ ਰੀਤੀ- ਰਿਵਾਜਾਂ ਨੂੰ ਕਿਸੇ ਨਿਯਮ ਅਧੀਨ ਗ੍ਰਹਿਣ ਕਰਦਾ ਹੈ, ਉਸ ਨੂੰ ਸੱਭਿਆਚਾਰ ਕਹਿੰਦੇ ਹਨ ।ਸੱਭਿਆਚਾਰ ਕਿਸੇ ਖ਼ਾਸ ਖਿੱਤੇ ਜਾਂ ਕੌਮ ਦੀ ਸਮੁੱਚੀ ਜੀਵਨ- ਜਾਚ ਹੁੰਦੀ ਹੈ ।ਸੱਭਿਆਚਾਰ ਨਿਸ਼ਚੇ ਹੀ ਉਸ ਕੌਮ ਦੇ ਜੀਵਨ ਨਾਲ ਜੁੜੇ ਵੱਖ -ਵੱਖ ਵਿਚਾਰਾਂ, ਮਨੌਤਾਂ ,ਰਹਿਣ -ਸਹਿਣ, ਕਦਰਾਂ -ਕੀਮਤਾਂ, ਖਾਣ -ਪੀਣ, ਰੀਤੀ -ਰਿਵਾਜਾਂ ,ਪਹਿਰਾਵੇ ,ਬੋਲੀ ਤੇ ਤਿੱਥ- ਤਿਉਹਾਰਾਂ ਦਾ ਸੁਮੇਲ ਹੈ ।




ਪ੍ਰਸ਼ਨ :ਸੱਭਿਆਚਾਰ ਅਤੇ ਉਪ- ਸੱਭਿਆਚਾਰ ਵਿੱਚ ਕੀ ਅੰਤਰ ਹੈ ?

ਉੱਤਰ: **ਸੱਭਿਆਚਾਰ ਅਤੇ ਉਪ-ਸੱਭਿਆਚਾਰ** :ਭਾਰਤ ਅਨੇਕਤਾ ਵਿੱਚ ਏਕਤਾ ਵਾਲਾ ਦੇਸ਼ ਹੈ। ਇੱਥੇ ਵੱਖ- ਵੱਖ ਸੱਭਿਆਚਾਰ ਮਿਲਦੇ ਹਨ ।ਵੱਖ- ਵੱਖ ਰਾਜਾਂ ਦੀਆਂ ਭਾਸ਼ਾਵਾਂ, ਬੋਲੀਆਂ, ਰਹਿਣ- ਸਹਿਣ, ਖਾਣ- ਪੀਣ, ਪਹਿਰਾਵਾ ਇੱਕ ਦੂਜੇ ਨਾਲੋਂ ਵੱਖਰਾ ਹੈ ਪਰ ਇਸ ਦੇ ਬਾਵਜੂਦ ਸੱਭਿਆਚਾਰਕ ਤੌਰ ‘ਤੇ ਇਕ ਰੂਪ ਹੈ।

**ਸੱਭਿਆਚਾਰ**: ਸੱਭਿਆਚਾਰ ਕਿਸੇ ਖਿੱਤੇ ਜਾਂ ਕੌਮ ਦੀ ਸਮੁੱਚੀ ਜੀਵਨ- ਜਾਚ ਹੈ ।ਸੱਭਿਆਚਾਰ ਨਿਸ਼ਚੇ ਹੀ ਉਸ ਕੌਮ ਦੇ ਜੀਵਨ ਨਾਲ ਜੁੜੇ ਵੱਖ -ਵੱਖ ਵਿਚਾਰਾਂ, ਮਨੌਤਾਂ ,ਰਹਿਣ -ਸਹਿਣ, ਕਦਰਾਂ -ਕੀਮਤਾਂ, ਖਾਣ -ਪੀਣ, ਰੀਤੀ -ਰਿਵਾਜਾਂ ,ਪਹਿਰਾਵੇ ,ਬੋਲੀ ਤੇ ਤਿੱਥ-ਤਿਉਹਾਰਾਂ ਦਾ ਸੁਮੇਲ ਹੈ ।

**ਉਪ- ਸੱਭਿਆਚਾਰ**: ਉਪ-ਸੱਭਿਆਚਾਰ ਅਸਲ ਵਿੱਚ ਸੱਭਿਆਚਾਰ ਦਾ ਹੀ ਹਿੱਸਾ ਹੁੰਦਾ ਹੈ। ਜਿੱਥੇ ਸੱਭਿਆਚਾਰ ਦਾ ਸੰਬੰਧ ਕਿਸੇ ਜਨ ਸਮੂਹ ਨਾਲ ਹੁੰਦਾ ਹੈ, ਉਥੇ ਉਪ- ਸੱਭਿਆਚਾਰ ਦਾ ਸਬੰਧ ਸਥਾਨਕ ਖਿੱਤਿਆਂ ਨਾਲ ਹੁੰਦਾ ਹੈ। ਸਮਾਜ ਵਿੱਚ ਵਿਚਰਦਿਆਂ ਵੱਖ- ਵੱਖ ਜਾਤਾਂ, ਕਿੱਤਿਆਂ, ਜ਼ੁਬਾਨਾਂ, ਧਰਮਾਂ ਆਦਿ ਨਾਲ ਸੰਬੰਧ ਰੱਖਣ ਵਾਲੇ ਸਮੂਹਾਂ ਦੇ ਆਧਾਰ ਤੇ ਅਪਣਾਏ ਗਏ ਜੀਵਨ ਢੰਗ ਨੂੰ ਉਪ-ਸੱਭਿਆਚਾਰ ਕਹਿੰਦੇ ਹਨ ।

ਜਦੋਂ ਸੱਭਿਆਚਾਰ ਨੂੰ ਇਲਾਕਾਈ ਭਾਸ਼ਾਈ ਅਤੇ ਧਾਰਮਿਕ ਭਿੰਨਤਾ ਕਰਕੇ ਵੰਡਿਆ ਜਾਂਦਾ ਹੈ ਤਾਂ ਉਹ ਜੀਵਨ -ਜਾਚ ਉਪ- ਸੱਭਿਆਚਾਰ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਜੇ ਭਾਰਤੀ ਸੱਭਿਆਚਾਰ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਬੰਗਾਲੀ, ਪੰਜਾਬੀ, ਹਰਿਆਣਵੀ, ਰਾਜਸਥਾਨੀ ਆਦਿ ਭਾਰਤੀ ਸੱਭਿਆਚਾਰ ਦੇ ਉਪ-ਸੱਭਿਆਚਾਰ ਹਨ। ਹੋਰ ਸੌਖੀ ਤਰ੍ਹਾਂ ਸਮਝਣ ਲਈ ਜਿੱਥੇ ਪੰਜਾਬ ਰਾਜ ਦਾ ਆਪਣਾ ਪੰਜਾਬੀ ਸੱਭਿਆਚਾਰ ਹੈ, ਉੱਥੇ ਇਸ ਦੇ ਵੱਖ- ਵੱਖ ਭੂਗੋਲਿਕ ਖਿੱਤਿਆਂ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਵਿੱਚ ਇਲਾਕਾਈ ਵਿਸ਼ੇਸ਼ਤਾਈਆਂ ਅਤੇ ਵੱਖਰਤਾਵਾਂ ਕਾਰਨ ਇਹੀ ਪੰਜਾਬੀ ਸਭਿਆਚਾਰ ਕ੍ਰਮਵਾਰ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਉਪ -ਸੱਭਿਆਚਾਰ ਵਜੋਂ ਜਾਣੇ ਜਾਂਦੇ ਹਨ ।



## ਪ੍ਰਸ਼ਨ :ਪੰਜਾਬੀ ਸੱਭਿਆਚਾਰ ਦੇ ਇਤਿਹਾਸਕ ਪਿਛੋਕੜ ਬਾਰੇ ਦੱਸੋ ?

ਉੱਤਰ:ਭਾਰਤੀ ਸੱਭਿਆਚਾਰ ਅਸਲ ਵਿੱਚ ਪੰਜਾਬੀ ਸੱਭਿਆਚਾਰ ਦੀ ਧਾਰਾ ਆਰੀਆ ਜਾਤੀ ਦੇ ਇਤਿਹਾਸ ਨਾਲ ਪ੍ਰਮੁੱਖ ਰੂਪ ਵਿਚ ਜੁੜੀ ਹੋਈ ਹੈ। ਵੈਦਿਕ ਸੱਭਿਅਤਾ ਦੇ ਮਹਾਨ ਗ੍ਰੰਥ ਅਤੇ ਭਾਰਤੀ ਸੱਭਿਅਤਾ ਦਾ ਮਹਾਨ ਸਰੋਤ ਰਿਗਵੇਦ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ 'ਤੇ ਰਚਿਆ ਗਿਆ ।ਪੰਜਾਬੀ ਸੱਭਿਆਚਾਰ ਨੂੰ ਭਾਰਤੀ ਸੱਭਿਆਚਾਰ ਦਾ ਪਹਿਲਾ ਪੜਾਅ ਮੰਨਿਆ ਜਾਂਦਾ ਹੈ। ਪੰਜਾਬ ਨਾ ਸਿਰਫ਼ ਹਿੰਦੁਸਤਾਨ ਦਾ ਪ੍ਰਵੇਸ਼ ਦੁਆਰ ਰਿਹਾ ਸਗੋਂ ਹਿੰਦੋਸਤਾਨ ਦੇ ਨਾਮਕਰਨ ਵਿੱਚ ਇਸ ਖਿੱਤੇ ਦੀ ਵਿਸ਼ੇਸ਼ ਭੂਮਿਕਾ ਹੈ। ਰਿਗਵੈਦਿਕ ਕਾਲ ਵਿਚ ਪੰਜਾਬ ਸੱਤ ਦਰਿਆਵਾਂ ਦੀ ਧਰਤੀ ਹੋਣ ਕਰ ਕੇ ਸਪਤ- ਸਿੰਧੂ ਦੇ ਨਾਮ ਨਾਲ ਜਾਣਿਆ ਜਾਂਦਾ ਸੀ ।ਮਹਾਂਭਾਰਤ ਯੁੱਗ ਵਿਚ ਪੰਚਨਦ ਭਾਵ ਪੰਜ ਨਦੀਆਂ ਦੀ ਧਰਤੀ ਕਿਹਾ ਜਾਣ ਲੱਗਾ ਫਿਰ ਮੁਸਲਮਾਨਾਂ ਦੇ ਆਉਣ ਨਾਲ ਫ਼ਾਰਸੀ ਭਾਸ਼ਾ ਕਾਰਨ ਪੰਜ ਆਬ ਭਾਵ ਪੰਜ ਪਾਣੀਆਂ ਦੀ ਧਰਤੀ ਕਿਹਾ ਜਾਣ ਲੱਗਾ। ਪਣਿਨੀ ਦਾ ਨਿਯਮ-ਬੱਧ ਵਿਆਕਰਨ ਗ੍ਰੰਥ ਵੀ ਇਸੇ ਧਰਤੀ 'ਤੇ ਰਚਿਆ ਗਿਆ ।ਤਕਸ਼ਿਲਾ ਮਹਾਨ ਵਿਸ਼ਵ ਵਿਦਿਆਲਿਆ ਦੀ ਸਥਾਪਨਾ, ਰਮਾਇਣ, ਭਗਵਤ ਗੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵੀ ਇਸੇ ਧਰਤੀ ਤੇ ਹੋਈ ਪੰਜਾਬ ਦੀਆਂ ਸੱਭਿਆਚਾਰਕ ਅਤੇ ਭੂਗੋਲਿਕ ਸਰਹੱਦਾਂ ਅਜੋਕੇ ਨਕਸ਼ੇ ਵਿਚਲੀਆਂ ਹੱਦਬੰਦੀਆਂ ਤੋਂ ਕਿਧਰੇ ਵਿਸ਼ਾਲ ਸਨ। ਪੰਜਾਬ ਇਸਲਾਮਿਕ ਸੰਸਕ੍ਰਿਤੀ ਸੂਫ਼ੀ-ਸੰਤਾਂ ਦੇ ਇਸਲਾਮੀ ਰੰਗ ਅਤੇ ਸਿੱਖ ਗੁਰੂਆਂ ਦੀ ਨਰੋਈ-ਸੋਚ ਅਜੋਕੇ ਪੰਜਾਬੀ ਸੱਭਿਆਚਾਰ ਦਾ ਧੁਰਾ ਹੈ। ਇਤਿਹਾਸਕ ਸਫ਼ਰ ਵਿੱਚੋਂ ਗੁਜ਼ਰਦਿਆਂ ਸੱਤ ਦਰਿਆਵਾਂ ਤੋਂ ਘਟ ਕੇ ਪੰਜ ਅਤੇ ਪੰਜ ਤੋਂ ਘਟਦੇ- ਘਟਦੇ ਅਜੋਕੇ ਦੌਰ ਵਿਚ ਢਾਈ ਕੁ ਦਰਿਆ ਹੀ ਰਹਿ ਗਏ ਹਨ।1947 ਦੀ ਧਾਰਮਿਕ ਵੰਡ ਪੰਜਾਬੀਆਂ ਉਪਰ ਕਹਿਰ ਬਣ ਕੇ ਟੁੱਟੀ। ਅਜੇ ਲੋਕ ਰਿਸ਼ਤਿਆਂ ਵਿੱਚ ਆਈ ਦਰਾੜ ਅਤੇ ਦਰਦ ਵਿੱਚੋਂ ਨਹੀਂ ਸਨ ਉੱਭਰੇ ਕਿ 1 ਨਵੰਬਰ ,1966 ਨੂੰ ਭਾਸ਼ਾਈ ਆਧਾਰ ਤੇ ਪੰਜਾਬ ਨੂੰ ਹਰਿਆਣਾ ਅਤੇ ਹਿਮਾਚਲ ਵਿਚ ਵੰਡ ਦਿੱਤਾ ਗਿਆ ।ਨਤੀਜੇ ਵਜੋਂ ਪੰਜਾਬ ਸੁੰਗੜ ਕੇ ਹੋਰ ਵੀ ਛੋਟਾ ਹੋ ਗਿਆ ।ਇਸ ਤਰ੍ਹਾਂ ਪੰਜਾਬ ਵਿਸ਼ਾਲ ਹੱਦਬੰਦੀਆਂ ਤੋਂ ਘਟਦਾ - ਘਟਦਾ ਅਜੋਕੇ ਰੂਪ ਵਿਚ ਪਹੁੰਚ ਗਿਆ ।


| | | | |
|---|---|---|---|
| ਆਰੀਆ ਜਾਤੀ ਦਾ ਆਗਮਨ | ਮੁਸਲਿਮ ਲੋਕਾਂ ਦਾ ਆਗਮਨ | ਰਿਗਵੇਦ | ਪਾਣਿਨੀ ਦਾ ਵਿਆਕਰਨ |
| ਤਕਸ਼ਿਲਾ ਯੂਨੀਵਰਸਿਟੀ | ਸਪਤਸਿੰਧੂ | ਪੰਜ ਆਬ; ਪੰਜ ਪਾਣੀਆਂ ਦੀ ਧਰਤੀ | ਸ੍ਰੀ ਭਗਵਤ ਗੀਤਾ |
| ਰਮਾਇਣ | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 1947 ਦੀ ਰਾਜਸੀ ਧਾਰਮਿਕ ਵੰਡ | 1 ਨਵੰਬਰ 1966 ਦੀ ਭਾਸ਼ਾਈ ਵੰਡ |

ਪ੍ਰਸ਼ਨ  ਪੰਜਾਬੀ ਸਭਿਆਚਾਰ ਦੇ ਪ੍ਰਮੁੱਖ ਲੱਛਣ ਕੀ ਹਨ? ਜਾਂ

ਸੰਸਾਰ ਦੇ ਸੱਭਿਆਚਾਰਾਂ ਵਿੱਚੋਂ ਪੰਜਾਬੀ ਸੱਭਿਆਚਾਰ ਵਿਲੱਖਣ ਕਿਵੇਂ ਹੈ? ਜਾਂ

ਪੰਜਾਬੀ ਸੱਭਿਆਚਾਰ  ਵਿੱਚ ਵਖਰੇਵੇਂ ਕਿਵੇਂ ਹਨ  ?

ਉੱਤਰ:ਦੁਨੀਆਂ ਭਰ ਦੇ ਸੱਭਿਆਚਾਰਾਂ ਵਿੱਚੋਂ ਪੰਜਾਬੀ ਸੱਭਿਆਚਾਰ ਵੱਖਰੀ ਪਛਾਣ- ਚਿੰਨ੍ਹਾਂ ਦਾ ਧਾਰਨੀ ਹੈ ।ਇਹ ਪਛਾਣ-ਚਿੰਨ੍ਹ ਇਸ ਨੂੰ ਬਾਕੀ ਸੱਭਿਆਚਾਰਾਂ ਨਾਲੋਂ ਜਿੱਥੇ ਵੱਖਰਾ ਕਰਦੇ ਹਨ, ਉੱਥੇ ਖ਼ਾਸ ਰੂਪ ਵਿੱਚ ਇਸ ਨੂੰ ਹੋਰਨਾਂ ਸਾਹਮਣੇ ਪੇਸ਼ ਵੀ ਕਰਦੇ ਹਨ ।




**ਭਾਰਤ ਦਾ ਪ੍ਰਵੇਸ਼-ਦੁਆਰ:** ਪੰਜਾਬ ਨੂੰ ਭਾਰਤ ਦਾ ਪ੍ਰਵੇਸ਼-ਦੁਆਰ ਕਿਹਾ ਜਾਂਦਾ ਹੈ। ਪੰਜਾਬ ਹਿੰਦੁਸਤਾਨ ਦਾ ਸਰਹੱਦੀ ਸੂਬਾ ਹੋਣ ਕਰਕੇ ਇੱਥੋਂ ਦੇ ਬਾਸ਼ਿੰਦੇ ਸੂਰਮਿਆਂ ਅਤੇ ਬਹਾਦਰਾਂ ਦੀ ਕੌਮ ਹਨ। ਇਸ ਕਰਕੇ ਪੰਜਾਬੀਆਂ ਦੇ ਵਿੱਚ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ ।ਪੰਜਾਬ ਦੇ ਗੱਭਰੂ ਅਣਖੀਲੇ ਅਤੇ ਮੌਤ ਨਾਲ ਮਖੌਲਾਂ ਕਰਨ ਵਾਲੇ ਹਨ। ਇਤਿਹਾਸ ਗਵਾਹ ਹੈ ਕਿ ਜ਼ਾਲਮ ਹਾਕਮਾਂ ਦੇ ਅੱਗੇ ਝੁਕਣਾ ਇਨ੍ਹਾਂ ਦੀ ਅਣਖ ਨੂੰ ਵੰਗਾਰ ਪਾਉਂਦਾ ਹੈ। ਜਿਸਦਾ ਜੁਆਬ ਦੇਣਾ ਇਹ ਚੰਗੀ ਤਰ੍ਹਾਂ ਜਾਣਦੇ ਹਨ। ਪੰਜਾਬੀਆਂ ਦੇ ਅਲਬੇਲੇਪਣ ਨੂੰ ਪ੍ਰੋਫੈਸਰ ਪੂਰਨ ਸਿੰਘ ਨੇ ਇੰਜ ਬਿਆਨ ਕੀਤਾ ਹੈ :-

ਇਹ ਬੇਪ੍ਰਵਾਹ ਜਵਾਨ ਪੰਜਾਬ ਦੇ,

ਮੌਤ ਨੂੰ ਮਖੌਲਾਂ ਕਰਨ।

ਪਿਆਰ ਨਾਲ ਇਹ ਕਰਨ ਗੁਲਾਮੀ,

ਜਾਨ ਕੋਹ ਆਪਣੀ ਵਾਰ ਦਿੰਦੇ।

ਪਰ ਟੈਂ ਨਾ ਮੰਨਣ ਕਿਸੇ ਦੀ ........

**ਅੰਨਦਾਤਾ:** ਪੰਜਾਬ ਰਾਜ ਨੂੰ ਦੇਸ਼ ਦਾ ਅੰਨ-ਭੰਡਾਰ ਮੰਨਿਆ ਜਾਂਦਾ ਹੈ। ਸਖ਼ਤ ਮਿਹਨਤ ਕਰਕੇ ਅੰਨ ਪੈਦਾ ਕਰਨਾ ਪੰਜਾਬ ਦੇ ਲੋਕਾਂ ਦੀ ਸ਼ਖ਼ਸੀਅਤ ਦਾ ਗੁਣ ਹੈ ।ਪੰਜਾਬ ਦੇ ਲੋਕ ਕਿਸੇ ਤੋਂ ਭੀਖ ਮੰਗਣਾ ਚੰਗਾ ਨਹੀਂ ਸਮਝਦੇ ।ਕਿਸੇ ਦੀ ਗੁਲਾਮੀ ਕਰਨਾ ਇਨ੍ਹਾਂ ਨੂੰ ਚੰਗਾ ਨਹੀਂ ਲੱਗਦਾ ਸਗੋਂ ਗੁਲਾਮੀ ਕਰਨ ਦੀ ਬਜਾਏ ਇਹ ਮਰਨਾ ਚੰਗਾ ਸਮਝਦੇ ਹਨ।

ਫ਼ਰੀਦਾ ਬਾਰਿ ਪਰਾਇਐ ਬੈਸਣਾ, ਸਾਈਂ ਮੁਝੇ ਨਾ ਦੇਹਿ।

ਜੇ ਤੂ ਏਵੇਂ ਰਖਸੀ ,ਜੀਉ ਸਰੀਰਹੁ ਲੇਹਿ।

**ਮਿੱਸਾਪਨ:** ਪੰਜਾਬੀ ਸੱਭਿਆਚਾਰ ਦਾ ਇੱਕ ਹੋਰ ਲੱਛਣ ਇਹ ਹੈ ਕਿ ਇਸ ਵਿੱਚ ਮਿੱਸਾਪਣ ਹੈ। ਕਈ ਸਦੀਆਂ ਤੱਕ ਬਾਹਰੀ ਹਮਲਾਵਰ ਭਾਵ ਮੁਗਲਾਂ ਮੁਸਲਮਾਨਾਂ ਅਤੇ ਅੰਗਰੇਜ਼ਾਂ ਦੇ ਇੱਥੇ ਕਾਬਜ਼ ਹੋਣ ਅਤੇ ਆਪੋ -ਆਪਣੇ ਸੱਭਿਆਚਾਰ ਦੇ ਫੈਲਾਅ ਕਰਕੇ ਪੰਜਾਬੀ ਸੱਭਿਆਚਾਰ ਦਾ ਸੁਭਾਅ ਮਿਸਾ ਅਤੇ ਦਰੁਸਤ ਹਾਜ਼ਮੇ ਵਾਲਾ ਹੋ ਨਿੱਬੜਿਆ ਹੈ। ਪੰਜਾਬੀ ਸੱਭਿਆਚਾਰ ਨਿਰੋਲ ਪੰਜਾਬੀ ਨਾ ਹੋ ਕੇ ਕਈ ਸਾਰੇ ਸੱਭਿਆਚਾਰਾਂ ਦਾ ਮਿਲਗੋਭਾ ਹੈ। ਇੱਥੋਂ ਦੀ ਭਾਸ਼ਾ-ਬੋਲੀ, ਪਹਿਰਾਵਾ, ਰੀਤੀ- ਰਿਵਾਜ, ਮਨੌਤਾਂ ਪੰਜਾਬੀ ਸੱਭਿਆਚਾਰ ਦੇ ਬਹੁ -ਨਸਲੀ ,ਬਹੁ -ਜਾਤੀ ਅਤੇ ਬਹੁ -ਕੌਮੀ ਸੱਭਿਆਚਾਰ ਵੱਲ ਇਸ਼ਾਰਾ ਕਰਦੇ ਹਨ ।

**ਮਿਹਨਤੀ ਸੁਭਾਅ;** ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸੇ ਵੇਲੇ ਪੰਜਾਬੀ ਮਿਹਨਤਕਸ਼ੀ ਦੀ ਇੱਕ ਮਿਸਾਲ ਰਹੇ ਹਨ। ਇਸੇ ਮਿਹਨਤ ਦੇ ਸਦਕਾ ਦੇਸ਼ ਨੂੰ ਲੋੜ ਵੇਲੇ ਅਨਾਜ ਦੇ ਭੰਡਾਰ ਦੇਣ ਵਾਲੇ ਅਤੇ ਮਿਹਨਤੀ ਸੁਭਾਅ ਦੇ ਕਾਰਨ ਹੀ ਦੇਸ਼ ਵਿੱਚ ਹਰੀ ਕ੍ਰਾਂਤੀ ਨੂੰ ਸਭ ਤੋਂ ਪਹਿਲਾਂ ਲੈ ਕੇ ਆਉਣ ਵਾਲੇ ਇਹ ਪੰਜਾਬੀ ਹੀ ਸਨ। ਦਰਿਆਈ ਪਾਣੀਆਂ ਦੇ ਰੱਜਵੇਂ ਹੋਣ ਦੇ ਕਾਰਨ ਸੂਬੇ ਦੀ ਆਰਥਿਕਤਾ ਸੁਧਰੇ ਰੂਪ ਵਾਲੀ ਰਹੀ ਹੈ ।

**ਵਿਦੇਸ਼ ਵੱਲ ਰੁਝਾਨ:** ਸਮੇਂ ਦੇ ਬਦਲਾਅ ਅਤੇ ਕੁਦਰਤੀ ਸਾਧਨਾਂ ਦੇ ਘਟਣ ,ਰਾਜਨੀਤਕ ਕਾਰਨਾਂ ਕਰਕੇ ਪੰਜਾਬ ਦੇ ਲੋਕ ਬਿਹਤਰ ਅਤੇ ਖ਼ੁਸ਼ਹਾਲ ਜੀਵਨ ਲਈ ਪੜ੍ਹ- ਲਿਖ ਕੇ ਬਾਹਰਲੇ ਮੁਲਕਾਂ ਵਿੱਚ ਜਾ ਵਸੇ ਹਨ। ਰੋਜ਼ਾਨਾ ਦੇ ਕਾਰ- ਵਿਹਾਰ ਵਿਚਲੇ ਬਦਲਾਅ ਨਾਲ ਮਨੁੱਖੀ ਸੁਭਾਅ ਵਿੱਚ ਤਬਦੀਲੀ ਆਉਣੀ ਲਾਜ਼ਮੀ ਹੈ। ਜਿਸ ਨਾਲ ਲੋਕਾਂ ਦਾ ਇੱਕ ਦੂਜੇ ਪ੍ਰਤੀ ਰਵੱਈਆ ਵੀ ਬਦਲ ਰਿਹਾ ਹੈ।

ਨਿਸ਼ਚੇ ਹੀ ਵਿਸ਼ਵ ਪੱਧਰ 'ਤੇ ਬਦਲ ਰਹੀਆਂ ਪ੍ਰਸਥਿਤੀਆਂ ਪੰਜਾਬੀ ਮਾਨਸਿਕਤਾ ਵਿੱਚ ਕੁਝ ਪਰਿਵਰਤਨ ਲਿਆ ਰਹੀਆਂ ਹਨ। ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਝਾਨ ,ਪੱਛਮੀ ਸੱਭਿਅਤਾ ਦੀ ਦੌੜ, ਸੁਖਾਲਾ ਜੀਵਨ ਜਿਉਣ ਦੀ ਤਾਂਘ ਆਦਿ ਕਾਰਨਾਂ ਦੇ ਚਲਦਿਆਂ ਪੰਜਾਬੀ ਸੱਭਿਆਚਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ ।